# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 30-08-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮੁੰਬਈ ਵਿੱਚ ਗਲੋਬਲ ਫਿਨਟੇਕ ਫੈਸਟੀਵਲ ਵਿੱਚ ਭਾਰਤ ਦੇ ਫਿਨਟੈਕ ਹੁਨਰ ਨੂੰ ਉਜਾਗਰ ਕੀਤਾ - ਕਿਹਾ- ਫਿਨਟੇਕ ਸੈਕਟਰ ਨੇ ਵਿੱਤੀ ਸੇਵਾਵਾਂ ਦੇ ਲੋਕਤੰਤਰੀ-ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਏ ।
- ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਤਨਖਾਈਆ ਕਰਾਰ ਦਿੱਤਾ ਗਿਆ ਏ ।
- ਪੈਰਿਸ ਪੈਰਾਲੰਪਿਕ ਖੇਡਾਂ ਵਿੱਚ, ਭਾਰਤ ਦੀ ਅਵਨੀ ਲੇਖਰਾ ਨੇ ਨਿਸ਼ਾਨੇਬਾਜ਼ੀ ਖੇਡਾਂ ਵਿੱਚ ਰਿਕਾਰਡ 249.7 ਦੇ ਸਕੋਰ ਨਾਲ ਸੋਨ ਤਮਗਾ ਅਤੇ ਮੋਨਾ ਅਗਰਵਾਲ ਨੇ ਕਾਂਸੀ ਦਾ ਤਮਗਾ ਜਿੱਤਿਆ ਏ।

-----------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮੁੰਬਈ ਵਿੱਚ ਗਲੋਬਲ ਫਿਨਟੇਕ ਫੈਸਟੀਵਲ ਵਿੱਚ ਭਾਰਤ ਦੇ ਫਿਨਟੈਕ ਹੁਨਰ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ- ਫਿਨਟੇਕ ਸੈਕਟਰ ਨੇ ਵਿੱਤੀ ਸੇਵਾਵਾਂ ਦੇ ਲੋਕਤੰਤਰੀਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਏ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਪੂਰੀ ਦੁਨੀਆ ਤੋਂ ਤੁਰੰਤ ਡਿਜੀਟਲ ਲੈਣ-ਦੇਣ ਹੋ ਰਿਹਾ ਏ।

**BYTE**

ਉਨ੍ਹਾਂ ਕਿਹਾ ਕਿ ਡਿਜੀਟਲ ਲੈਣ-ਦੇਣ ਨੇ ਸਮਾਨਾਂਤਰ ਅਰਥ-ਵਿਵਸਥਾ ਨੂੰ ਖਤਮ ਕਰਨ ਅਤੇ ਬੈਂਕਿੰਗ ਪ੍ਰਣਾਲੀ ਵਿੱਚ ਪਾਰਦਰਸ਼ਤਾ ਵਧਾਉਣ ਵਿੱਚ ਮਦਦ ਕੀਤੀ ਏ।

**BYTE**

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਵਿੱਚ ਫਿਨਟੇਕ ਦੁਆਰਾ ਲਿਆਂਦੇ ਗਏ ਬਦਲਾਅ, ਸਿਰਫ਼ ਤਕਨਾਲੋਜੀ ਤੱਕ ਸੀਮਤ ਨਹੀਂ ਹਨ ।

-----------------------------------------------------------

ਭਾਰਤੀ ਰਿਜ਼ਰਵ ਬੈਂਕ - ਆਰ.ਬੀ.ਆਈ ਨੇ ਆਪਣੇ ਨਾਮ ਦੀ ਦੁਰਵਰਤੋਂ

ਕਰਨ ਵਾਲੀਆਂ ਧੋਖਾਧੜੀ ਵਾਲੀਆਂ ਗਤੀਵਿਧੀਆਂ ਦੇ ਖਿਲਾਫ ਇੱਕ ਚੇਤਾਵਨੀ ਜਾਰੀ ਕੀਤੀ ਏ । ਆਰ.ਬੀ.ਆਈ ਨੇ ਕਿਹਾ ਕਿ ਧੋਖਾਧੜੀ ਕਰਨ ਵਾਲੇ ਕਈ ਤਰ੍ਹਾਂ ਦੀਆਂ ਚਾਲਾਂ ਦੀ ਵਰਤੋਂ ਕਰਦੇ ਨੇ, ਜਿਸ ਵਿੱਚ ਆਰ.ਬੀ.ਆਈ ਕਰਮਚਾਰੀਆਂ ਦੀ ਨਕਲ ਕਰਨ ਵਾਲੇ ਫਰਜ਼ੀ ਲੈਟਰਹੈੱਡ ਅਤੇ ਈਮੇਲਾਂ ਦੀ ਵਰਤੋਂ ਕਰਦੇ ਨੇ ਅਤੇ ਲੋਕਾਂ ਨੂੰ ਲਾਟਰੀ ਜਿੱਤਣ, ਫੰਡ ਟ੍ਰਾਂਸਫਰ, ਅਤੇ ਸਰਕਾਰੀ ਯੋਜਨਾਵਾਂ ਵਰਗੀਆਂ ਫਰਜ਼ੀ ਪੇਸ਼ਕਸ਼ਾਂ ਨਾਲ ਲੁਭਾਉਣਾ ਸ਼ਾਮਲ ਏ ।

------------------------------------------------------------

ਸਿੱਖਿਆ ਮੰਤਰਾਲੇ ਨੇ ਵਿਦਿਆਰਥੀਆਂ ਲਈ ਬਹੁ-ਭਾਸ਼ਾਵਾਦ, ਸਕੂਲਾਂ ਵਿੱਚ ਸਿੱਖਿਆ ਦੇ ਮਾਧਿਅਮ ਅਤੇ ਸਥਾਨਕ ਭਾਰਤੀ ਭਾਸ਼ਾਵਾਂ ਵਿੱਚ ਪੜ੍ਹਾਉਣ ਦੇ ਮਹੱਤਵ ਬਾਰੇ ਚਰਚਾ ਕਰਨ ਲਈ ਇੱਕ ਮੀਟਿੰਗ ਕੀਤੀ। ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੇ ਸਕੱਤਰ ਸੰਜੇ ਕੁਮਾਰ ਦੀ ਪ੍ਰਧਾਨਗੀ ਹੇਠ, ਨਵੀਂ ਦਿੱਲੀ ਵਿਖੇ ਸੀਨੀਅਰ ਅਧਿਕਾਰੀਆਂ ਅਤੇ ਮਾਹਿਰਾਂ ਨਾਲ ਮੀਟਿੰਗ ਹੋਈ । ਮੰਤਰਾਲੇ ਨੇ ਕਿਹਾ ਕਿ ਇੱਕ ਤੋਂ ਵੱਧ ਭਾਸ਼ਾਵਾਂ ਦਾ ਗਿਆਨ ਆਪਸੀ ਹੁਨਰ ਅਤੇ ਗਿਆਨ ਨੂੰ ਵਧਾਉਂਦਾ ਏ ।

ਸਿੱਖਿਆ ਵਿੱਚ ਮਾਤ ਭਾਸ਼ਾ ਦੀ ਮਹੱਤਤਾ ਦਾ ਜ਼ਿਕਰ ਕਰਦੇ ਹੋਏ ਮੰਤਰਾਲੇ ਨੇ ਕਿਹਾ ਕਿ ਬੱਚੇ ਆਪਣੀ ਮਾਤ ਭਾਸ਼ਾ ਵਿੱਚ ਮੁੱਖ ਧਾਰਨਾਵਾਂ ਤੇਜ਼ੀ ਨਾਲ ਸਿੱਖਦੇ ਨੇ।

---------------------------------------------------------------

ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵਲੋਂ ਸਾਲ 2024 ਵਿੱਚ ਅਧਿਆਪਕ ਦਿਵਸ ਮੌਕੇ ਦਿੱਤੇ ਜਾਣ ਵਾਲੇ ਕੌਮੀ ਅਧਿਆਪਕ ਪੁਰਸਕਾਰਾਂ ਦੀ ਸੂਚੀ ਜਾਰੀ ਕੀਤੀ ਏ, ਜਿਸ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਬਰਨਾਲਾ ਦੇ ਪੰਕਜ ਕੁਮਾਰ ਗੋਇਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਇੰਦਰਾ ਸਿੰਘ ਗੋਨਿਆਣਾ ਮੰਡੀ, ਬਠਿੰਡਾ ਦੇ ਰਜਿੰਦਰ ਸਿੰਘ ਦੀ ਚੋਣ ਹੋਈ ਏ। ਆਕਾਸ਼ਵਾਣੀ ਜਲੰਧਰ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਪੰਕਜ ਕੁਮਾਰ ਗੋਇਲ ਨੇ ਕਿਹਾ।

**BYTE**

---------------------------------------------------------------

ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ

ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਤਨਖਾਈਆ ਕਰਾਰ ਦਿੱਤਾ ਗਿਆ ਏ । ਇਸੇ ਦੇ ਨਾਲ ਸੁਖਬੀਰ ਬਾਦਲ ਨੂੰ ਆਮ 15 ਦਿਨਾਂ ਦੇ ਅੰਦਰ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਆਪਣੀ ਸਰਕਾਰ ਦੇ ਦੌਰਾਨ ਅਜਿਹੇ ਫੈਸਲੇ ਲਾਏ ਜਿਨ੍ਹਾਂ ਨੇ ਸਿੱਖ ਪੰਥ ਨੂੰ ਨੁਕਸਾਨ ਪਹੁਚਾਇਆ ਖ਼ਾਸ ਕਰਕੇ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਮੁਆਫੀ ਦੇਣ ਦੇ ਫੈਸਲੇ ਤੇ ਸਵਾਲ ਚੁਕੇ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁਖ ਮੰਤਰੀ ਰਹਿੰਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਅਜਿਹੇ ਕਦਮ ਚੁਕੇ ਜਿਨ੍ਹਾਂ ਨਾਲ ਪੰਥਕ ਸਰੂਪ ਨੂੰ ਨੁਕਸਾਨ ਹੋਇਆ 2007 ਤੋਂ 2017 ਤਕ ਦੇ ਸਿੱਖ ਕੈਬਿਨਟ ਮੰਤਰੀ ਵੀ ਇਸਦੇ ਉਪਰ ਸਪਸ਼ਟੀਕਰਨ ਦੇਣ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੂੰ ਇਕ ਸਧਾਰਨ ਸਿੱਖ ਦੀ ਤਰਾਂ ਸ੍ਰੀ ਅਕਾਲ ਤਖਤ ਤੇ ਆਕੇ ਆਪਣੇ ਗੁਨਾਹ ਦੀ ਮੁਆਫੀ ਮੰਗਣੀ ਚਾਹੀਦੀ ਏ। ਅਲਾਕੀ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ ਨੇ ਪੁਸ਼ਟੀ ਕੀਤੀ ਏ ਕਿ ਸੁਖਬੀਰ

ਬਾਦਲ ਅਕਾਲ ਤਖਤ ਵਿਖੇ ਪੇਸ਼ ਹੋਣਗੇ ਅਤੇ ਓਥੇ ਆਪਣੇ ਗੁਨਾਹਾਂ ਬਾਰੇ ਪੱਖ ਰੱਖਣਾ ਹੋਵੇਗਾ।

----------------------------------------------------------------

ਸਮੇਂ ਦੇ ਨਾਲ ਸੰਚਾਰ ਦੇ ਸਾਧਨਾਂ ਵਿਚ ਕਈ ਤਬਦੀਲੀਆਂ ਵੇਖਣ ਨੂੰ ਮਿਲੀਆਂ ਨੇ। ਸਮਾਜ ਵਿਚ ਇਕ ਦੂਜੇ ਨੂੰ ਜੋੜਨ ਦਾ ਕੰਮ ਕਰਦਿਆਂ ਚਿਠੀਆਂ ਦੀ ਥਾਂ ਹੁਣ ਵਟਸ ਅੱਪ ਸੁਨੇਹਿਆਂ ਨੇ ਲੈ ਲਈ ਏ। ਹਾਲਾਂਕਿ ਆਕਾਸ਼ਵਾਨੀ ਦੇ ਵੱਖ ਵੱਖ ਕੇਂਦਰਾਂ ਵਿਚ ਹਾਲੇ ਵੀ ਸੁਨੇਹਿਆਂ ਦਾ ਜਰਿਆ ਇਹ ਖਤ ਹੀ ਬਣੇ ਹੋਏ ਨੇ।

ਹੋਰ ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਮੌਜੂਦਾ ਸਮੇਂ ਵਿੱਚ ਭਾਵੇਂ ਤੇਜ ਤਕਨੀਕੀ ਸੰਚਾਰ ਪੁਰਾਣੇ ਜਮਾਨੇ ਦੀਆਂ ਚਿੱਠੀਆਂ ਤੇ ਭਾਰੀ ਨਜ਼ਰ ਆਉਂਦਾ ਏ ਪਰ ਆਕਾਸ਼ਵਾਣੀ ਵਿੱਚ ਪ੍ਰੋਗਰਾਮਾਂ ਸੰਬੰਧੀ ਮਿਲਣ ਵਾਲੇ ਲੋਕਾਂ ਦੇ ਸੁਝਾਅ ਤੇ ਗਾਣਿਆਂ ਦੀ ਫਰਮਾਇਸ਼ ਸੰਬੰਧੀ ਚਿੱਠੀਆਂ ਨੇ ਖਾਸਤੌਰ ਤੇ ਪੋਸਟ ਕਾਰਡ ਦੀ ਹੋਂਦ ਨੂੰ ਹਾਲੇ ਵੀ ਕਾਇਮ ਰੱਖਿਆ ਹੋਇਆ ਏ। ਜੀ ਹਾਂ ਆਕਾਸ਼ਵਾਣੀ ਜਲੰਧਰ ਵਿਖੇ ਰੋਜ਼ਾਨਾ ਆਉਣ ਵਾਲੇ ਇਹ ਪੋਸਟ ਕਾਰਡ ਬੀਤੇ ਜ਼ਮਾਨੇ ਦੀ ਉਸ ਯਾਦ ਨੂੰ ਨਾ ਸਿਰਫ ਤਾਜ਼ਾ

ਹੀ ਕਰਵਾਉਂਦੇ ਨੇ ਬਲਕਿ ਕਾਇਮ ਵੀ ਰੱਖੇ ਹੋਏ ਨੇ ਜਦੋਂ ਸੰਚਾਰ ਦਾ ਮੁੱਖ ਮਾਧਿਅਮ ਸਿਰਫ ਤੇ ਸਿਰਫ ਇਹ ਪੋਸਟ ਕਾਰਡ ਜਾਂ ਇੰਨਲੈਂਡ ਲੈਟਰ ਹੀ ਹੁੰਦੇ ਸਨ। ਆਕਾਸ਼ਵਾਣੀ ਜਲੰਧਰ ਨਾਲ ਖ਼ਤਾਂ ਰਾਹੀਂ ਲੰਮੇਂ ਸਮੇਂ ਤੋਂ ਜੁੜੇ ਅਜਿਹੇ ਹੀ ਕੁਝ ਸਰੋਤਿਆਂ ਦਾ ਕਹਿਣਾ ਏ।

**Byte**

ਸਮਾਂ ਪਰਿਵਰਤਨਸ਼ੀਲ ਏ ਅਤੇ ਯਕੀਨਨ ਮੁੜ ਇਕ ਵਾਰ ਫੇਰ ਉਹ ਸਮਾਂ ਜਰੂਰ ਵੇਖਣ ਨੂੰ ਮਿਲੇਗਾ ਜਦੋਂ ਇਹ ਪੋਸਟ ਕਾਰਡ ਤੇ ਇਨਲੈਂਡ ਲੈਟਰ ਹੀ ਸੰਚਾਰ ਦੇ ਮੁਖ ਸਾਧਨ ਵਜੋਂ ਸਾਮ੍ਹਣੇ ਨਜ਼ਰ ਆਉਣਗੇ।

ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ ਜਲੰਧਰ

---

ਨਗਰ ਰਾਜਭਾਸ਼ਾ ਲਾਗੂਕਰਨ ਕਮੇਟੀ ਨਰਾਕਾਸ, ਜਲੰਧਰ ਦੀ ਛਿਮਾਹੀ ਮੀਟਿੰਗ ਕੱਲ੍ਹ ਜਲੰਧਰ ਵਿਖੇ ਕੀਤੀ ਗਈ । ਇਸ ਮੀਟਿੰਗ ਦੀ ਪ੍ਰਧਾਨਗੀ, ਆਮਦਨ ਕਰ ਬਾਰੇ ਪ੍ਰਿੰਸੀਪਲ ਕਮਿਸ਼ਨਰ ਜੇ.ਐੱਸ. ਮਿਨਹਾਸ ਜਲੰਧਰ ਨੇ ਕੀਤੀ। ਮੀਟਿੰਗ ਵਿੱਚ ਕੇਂਦਰ ਸਰਕਾਰ ਦੇ ਵੱਖ-ਵੱਖ ਦਫ਼ਤਰਾਂ ਤੇ ਕਾਰਪੋਰੇਸ਼ਨਾਂ ਦੇ ਕਰੀਬ 75 ਮੈਂਬਰਾਂ ਨੇ ਹਿੱਸਾ ਲਿਆ

। ਸਕੱਤਰ ਨਰਾਕਾਸ ਅਲਕਾ ਨਰੂਲਾ ਨੇ ਚੇਅਰਪਰਸਨ ਅਤੇ ਵੱਖ-ਵੱਖ ਦਫਤਰਾਂ ਤੋਂ ਆਏ ਭਾਗੀਦਾਰਾਂ ਦਾ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਸਮੂਹ ਕਮੇਟੀ ਮੈਂਬਰਾਂ ਨੂੰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਸਮਝ ਕੇ ਹਿੰਦੀ ਭਾਸ਼ਾ ਦੀ ਵੱਧ ਤੋਂ ਵੱਧ ਵਰਤੋਂ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਖ਼ੁਸ਼ੀ ਪ੍ਰਗਟਾਈ ਕਿ ਨਰਾਕਾਸ ਕਮੇਟੀ ਦੇ ਸਾਰੇ ਮੈਂਬਰ ਦਫ਼ਤਰ ਵਿੱਚ ਸਰਕਾਰੀ ਭਾਸ਼ਾ ਹਿੰਦੀ ਦੇ ਪ੍ਰਚਾਰ ਲਈ ਗੰਭੀਰਤਾ ਨਾਲ ਅੱਗੇ ਵੱਧ ਰਹੇ ਨੇ। ਪ੍ਰਧਾਨ, ਨਰਾਕਾਸ ਅਤੇ ਪ੍ਰਿੰਸੀਪਲ ਇਨਕਮ ਟੈਕਸ ਕਮਿਸ਼ਨਰ ਜੇ.ਐੱਸ. ਮਿਨਹਾਸ, ਨੇ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਰਾਕਾਸ ਦੀਆਂ ਮੀਟਿੰਗਾਂ ਦਾ ਨਿਯਮਤ ਆਯੋਜਨ ਇਹ ਦਰਸਾਉਂਦਾ ਏ ਕਿ ਨਰਾਕਾਸ, ਜਲੰਧਰ ਗ੍ਰਹਿ ਮੰਤਰਾਲਾ ਰਾਜਭਾਸ਼ਾ ਪ੍ਰਤੀ ਸੁਚੇਤ ਏ। ਕਮੇਟੀ ਦੀ ਸਕੱਤਰ ਅਲਕਾ ਨਰੂਲਾ ਨੇ ਮੈਂਬਰ ਦਫ਼ਤਰਾਂ ਤੋਂ ਪ੍ਰਾਪਤ ਤਿਮਾਹੀ ਪ੍ਰਗਤੀ ਰਿਪੋਰਟਾਂ ਦੇ ਆਧਾਰ 'ਤੇ ਸਮੀਖਿਆ ਪੇਸ਼ ਕੀਤੀ ਅਤੇ ਸਾਰਿਆਂ ਨੂੰ ਬੇਨਤੀ ਕੀਤੀ ਕਿ ਜਿੱਥੇ ਕਿਤੇ ਵੀ ਛੋਟੀਆਂ-ਛੋਟੀਆਂ ਕਮੀਆਂ ਨਜ਼ਰ ਆਉਂਦੀਆਂ ਨੇ, ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ।

---

ਰਾਸ਼ਟਰੀ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਐਮ. ਵੈਂਕਟੇਸ਼ਨ ਨੇ ਫ਼ਤਹਿਗੜ੍ਹ ਸਾਹਿਬ ਬੱਚਤ ਭਵਨ ਵਿਖੇ, ਜ਼ਿਲ੍ਹਾ ਅਧਿਕਾਰੀਆਂ ਤੇ ਸਫ਼ਾਈ ਕਰਮਚਾਰੀਆਂ ਨਾਲ ਮੀਟਿੰਗ ਕਰਦਿਆਂ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਕਰਮਚਾਰੀਆਂ ਨਾਲ ਸਬੰਧਤ ਠੇਕੇਦਾਰਾਂ ਵੱਲੋਂ ਨਿਯਮਾਂ ਦੀ ਪਾਲਣਾ ਨਾ ਕਰਨ ਬਾਬਤ ਸਖ਼ਤ ਕਾਰਵਾਈ ਕੀਤੀ ਜਾਵੇ । ਉਨ੍ਹਾਂ ਨੇ ਕਿਹਾ ਕਿ ਦੇਸ਼ ਨੂੰ ਸਵੱਛ ਬਣਾਉਣ ਵਾਲੇ ਸਫ਼ਾਈ ਕਰਮਚਾਰੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ । ਸਫ਼ਾਈ ਕਰਮਚਾਰੀਆਂ ਨੂੰ ਵਰਦੀ, ਸਮੇਂ ਸਿਰ ਤਨਖਾਹ, ਸਿਹਤ ਸਹੂਲਤਾਂ ਅਤੇ ਕੰਮ ਲਈ ਉਪਕਰਨ ਮੁਹੱਈਆ ਕਰਵਾਉਣ ਸਮੇਤ, ਜਿਨ੍ਹਾਂ ਕਰਮਚਾਰੀਆਂ ਨੂੰ ਆਪਣੇ ਬੈਂਕ ਖਾਤੇ ਸਬੰਧੀ ਕੇ.ਵਾਈ.ਸੀ ਦੀ ਸਮੱਸਿਆ ਏ , ਨੂੰ ਵੀ ਹੱਲ ਕਰਵਾਇਆ ਜਾਵੇ। ਚੇਅਰਮੈਨ ਨੇ ਕਿਹਾ ਕਿ ਸਫ਼ਾਈ ਕਰਮਚਾਰੀ ਆਪਣੀ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਸਬੰਧੀ ਕਮਿਸ਼ਨ ਦੇ ਨੰਬਰ 011-24648924 'ਤੇ ਸੰਪਰਕ ਕਰ ਸਕਦੇ ਨੇ। ਉਨ੍ਹਾਂ ਨੇ ਠੇਕਾ ਅਧਾਰਤ

ਸਫ਼ਾਈ ਕਰਮਚਾਰੀਆਂ ਤੋਂ ਉਹਨਾਂ ਨੂੰ ਮਿਲਦੀ ਤਨਖਾਹ ਤੇ ਉਜਰਤਾਂ ਬਾਰੇ ਪਤਾ ਕੀਤਾ। ਉਹਨਾਂ ਨੂੰ ਬੈਂਕ ਵੱਲੋਂ ਖਾਤਿਆਂ ਵਿੱਚ ਪੈਸੇ ਆਉਣ ਬਾਬਤ ਮੋਬਾਈਲ ਫ਼ੋਨ ਉਤੇ ਆਏ ਸੁਨੇਹੇ ਵੀ ਦੇਖੇ। ਉਹਨਾਂ ਕਿਹਾ ਕਿ ਜਿਹੜਾ ਵੀ ਠੇਕੇਦਾਰ ਜੇਕਰ ਨਿਯਮਾਂ ਮੁਤਾਬਕ ਕੰਮ ਨਹੀਂ ਕਰ ਰਿਹਾ ਉਸ ਦਾ ਠੇਕਾ ਰੱਦ ਕੀਤਾ ਜਾਵੇ, ਖ਼ਾਸ ਤੌਰ ਉੱਤੇ ਘੱਟ ਉਜਰਤਾਂ ਦੇਣ ਵਾਲੇ ਠੇਕੇਦਾਰਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਉਹਨਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਰਮਚਾਰੀਆਂ ਦੇ ਵੱਖ ਵੱਖ ਫੰਡਾਂ ਦੇ ਮਸਲੇ ਹੱਲ ਕੀਤੇ ਜਾਣ।

-----------------------------------------------------------

ਪੈਰਿਸ ਪੈਰਾਲੰਪਿਕ ਖੇਡਾਂ 2024 ਵਿੱਚ, ਭਾਰਤ ਦੀ ਅਵਨੀ ਲੇਖਰਾ ਨੇ ਨਿਸ਼ਾਨੇਬਾਜ਼ੀ ਖੇਡਾਂ ਵਿੱਚ ਰਿਕਾਰਡ 249.7 ਦੇ ਸਕੋਰ ਨਾਲ ਸੋਨ ਤਮਗਾ ਜਿੱਤਿਆ, ਜਦ ਕਿ ਮੋਨਾ ਅਗਰਵਾਲ ਨੇ ਕੁੱਲ 228.7 ਦੇ ਨਾਲ ਕਾਂਸੀ ਦਾ ਤਮਗਾ ਜਿੱਤਿਆ। ਭਾਰਤ ਦੇ ਨਿਤੇਸ਼ ਕੁਮਾਰ ਨੇ ਪੈਰਾ ਬੈਡਮਿੰਟਨ ਦੇ ਸੈਮੀ-ਫਾਈਨਲ ਲਈ ਕੁਆਲੀਫਾਈ ਕਰਨ ਲਈ ਆਪਣੇ ਦੂਜੇ ਮਰਦਾਂ ਦੇ ਸਿੰਗਲਜ਼ SL3 ਗਰੁੱਪ ਏ ਮੈਚ ਵਿੱਚ, ਚੀਨ ਦੇ ਯਾਂਗ

ਜਿਆਨਯੁਆਨ ਨੂੰ ਮੁਕਾਬਲੇ ਵਿਚ ਹਰਾ ਦਿੱਤਾ। ਸ਼ੀਤਲ ਦੇਵੀ ਅਤੇ ਰਾਕੇਸ਼ ਕੁਮਾਰ ਦੀ ਭਾਰਤ ਦੀ ਮਿਕਸਡ ਤੀਰਅੰਦਾਜ਼ੀ ਟੀਮ ਨੇ ਪੈਰਿਸ ਪੈਰਾਲੰਪਿਕ 2024 ਵਿੱਚ, 1399 ਦੇ ਸਾਂਝੇ ਸਕੋਰ ਨਾਲ, ਪੈਰਾਲੰਪਿਕ ਵਿੱਚ ਇੱਕ ਨਵਾਂ ਰਿਕਾਰਡ ਬਣਾਇਆ ਏ। ਇਹ ਤੀਰਅੰਦਾਜ਼ੀ ਜੋੜੀ, 2 ਸਤੰਬਰ ਨੂੰ ਟੌਪ ਸੀਡ ਦੇ ਤੌਰ 'ਤੇ ਕੁਆਰਟਰ ਫਾਈਨਲ 'ਚ ਖੇਡੇਗੀ।

---

## ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮੁੰਬਈ ਵਿੱਚ ਗਲੋਬਲ ਫਿਨਟੇਕ ਫੈਸਟੀਵਲ ਵਿੱਚ ਭਾਰਤ ਦੇ ਫਿਨਟੈਕ ਹੁਨਰ ਨੂੰ ਉਜਾਗਰ ਕੀਤਾ - ਕਿਹਾ- ਫਿਨਟੇਕ ਸੈਕਟਰ ਨੇ ਵਿੱਤੀ ਸੇਵਾਵਾਂ ਦੇ ਲੋਕਤੰਤਰੀ-ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਏ।
- ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਤਨਖਾਈਆ ਕਰਾਰ ਦਿੱਤਾ ਗਿਆ ਏ।

- ਪੈਰਿਸ ਪੈਰਾਲੰਪਿਕ ਖੇਡਾਂ ਵਿੱਚ, ਭਾਰਤ ਦੀ ਅਵਨੀ ਲੇਖਰਾ ਨੇ ਨਿਸ਼ਾਨੇਬਾਜ਼ੀ ਖੇਡਾਂ ਵਿੱਚ ਰਿਕਾਰਡ 249.7 ਦੇ ਸਕੋਰ ਨਾਲ ਸੋਨ ਤਮਗਾ ਅਤੇ ਮੋਨਾ ਅਗਰਵਾਲ ਨੇ ਕਾਂਸੀ ਦਾ ਤਮਗਾ ਜਿੱਤਿਆ ਏ।